# ਸੱਪਾਂ ਬਾਰੇ ਹੁਸ਼ਿਆਰ ਬਣੋ!

## ਸੱਪਾਂ ਨਾਲ ਟਾਕਰੇ ਤੋਂ ਬਚਾਅ ਕਿਵੇਂ ਕੀਤਾ ਜਾ ਸਕਦਾ ਹੈ:

1. ਉੱਚੇ ਘਾਹ ਜਾਂ ਬਿਖਰੀਆਂ ਚੀਜ਼ਾਂ ਵਾਲੇ ਖੇਤਰਾਂ ਵਿਚ ਕੰਮ ਕਰਨ ਵੇਲੇ ਰਬੜ ਦੇ ਬੂਟ ਪਾਓ।
2. ਮਲਬੇ ਦੇ ਉੱਤੇ ਪੈਰ ਨਾ ਰੱਖੋ, ਬਲਕਿ ਪਾਸਿਓਂ ਦੀ ਲੰਘੋ ਕਿਉਂਕਿ ਹੇਠਾਂ ਸੱਪ ਲੁੱਕੇ ਹੋ ਸਕਦੇ ਹਨ।
3. ਕਿਸੇ ਵੀ ਐਸੀ ਥਾਂ 'ਚ ਆਪਣੇ ਹੱਥ ਨਾ ਪਾਓ ਜਿੱਥੇ ਤੁਸੀਂ ਸਾਫ ਤੌਰ 'ਤੇ ਇਹ ਨਹੀਂ ਵੇਖ ਸਕਦੇ ਕਿ ਸੱਪ ਮੌਜੂਦ ਹੈ ਜਾਂ ਨਹੀਂ।
4. ਸੱਪਾਂ ਨੂੰ ਤੰਗ ਨਾ ਕਰੋ; ਜੇ ਉਨ੍ਹਾਂ ਨੂੰ ਲੱਗੇ ਕਿ ਉਹ ਖ਼ਤਰੇ 'ਚ ਹਨ ਤਾਂ ਉਹ ਵੱਢ ਸਕਦੇ ਹਨ।
5. ਜੇ ਕਿਸੇ ਰੈਟਲਸਨੇਕ ਨਾਲ ਤੁਹਾਡਾ ਅਚਾਨਕ ਮੇਲ਼ ਹੋ ਜਾਂਦਾ ਹੈ, ਤਾਂ ਉਸਨੂੰ ਇਕੱਲਾ ਛੱਡ ਦਿਓ। ਫੋਰਮੈਨ ਜਾਂ ਮੈਨੇਜਰ ਨੂੰ ਇਸਦੀ ਸੂਚਨਾ ਦਿਓ ਤਾਂ ਕਿ ਸੱਪ ਕਿਤੇ ਹੋਰ ਛਡਿਆ ਜਾ ਸਕੇ।
6. ਕਿਸੇ ਵਿਅਕਤੀ ਨੂੰ 3 ਮੀਟਰ ਦੇ ਫਾਸਲੇ ਤੋਂ ਸੱਪ 'ਤੇ ਨਿਗਾਹ ਰਖਣੀ ਚਾਹੀਦੀ ਹੈ ਤਾਂ ਕਿ ਸੱਪ ਫੜਨ ਲਈ ਨਿਰਦਿਸ਼ਟ ਵਿਅਕਤੀ ਇਸਨੂੰ ਲੱਭ ਸਕੇ ਤੇ ਕਿਸੇ ਹੋਰ ਥਾਂ ਛੱਡ ਸਕੇ।

## ਜੇ ਕਿਸੇ ਨੂੰ ਸੱਪ ਨੇ ਵੱਢ ਲਿਆ ਹੈ:

ਅਜਿਹੇ ਅਸੰਭਾਵੀ ਮੌਕੇ ਕਿ ਕਿਸੇ ਨੂੰ ਰੈਟਲਸਨੇਕ ਨੇ ਵੱਢ ਲਿਆ ਹੋਵੇ, 'ਤੇ ਇਹ ਯਕੀਨੀ ਬਣਾਓ:

1. ਪੀੜਤ ਵਿਅਕਤੀ ਨੂੰ ਸੱਪ ਤੋਂ ਦੂਰ ਲੈ ਜਾਓ।
2. ਪੀੜਤ ਵਿਅਕਤੀ ਨੂੰ ਸ਼ਾਂਤ ਰੱਖੋ ਤੇ ਉਸਨੂੰ ਘੱਟ ਤੋਂ ਘੱਟ ਖੇਚਲ ਹੋਣ ਦਿਓ।
3. ਕਿਸੇ ਨੂੰ 3 ਮੀਟਰ ਦੇ ਫਾਸਲੇ ਤੋਂ ਸੱਪ ਦੀਆਂ ਹਰਕਤਾਂ 'ਤੇ ਨਿਗਰਾਨੀ ਰੱਖਣ ਲਈ ਕਹੋ ਤਾਂ ਕਿ ਕਿਸੇ ਹੋਰ ਵਿਅਕਤੀ ਦਾ ਸਾਮ੍ਹਣਾ ਸੱਪ ਨਾਲ ਨਾ ਹੋ ਜਾਵੇ।
4. ਪੀੜਤ ਵਿਅਕਤੀ ਦੇ ਸਰੀਰ ਤੋਂ ਅਜਿਹੇ ਕਪੜੇ ਤੇ ਗਹਿਣੇ ਲਾਹ ਲਵੋ ਜਿਹੜੇ ਬਹੁਤ ਕੱਸੇ ਹੋਣ, ਖ਼ਾਸਕਰ ਉਸ ਹਿੱਸੇ ਦੇ ਨੇੜਿਉਂ ਜਿੱਥੇ ਸੱਪ ਨੇ ਵੱਢਿਆ ਹੋਵੇ।
5. ਫੋਰਮੈਨ ਜਾਂ ਮੈਨੇਜਰ ਨੂੰ ਸੂਚਨਾ ਦਿਓ ਅਤੇ ਪੀੜਤ ਵਿਅਕਤੀ ਨੂੰ ਹਸਪਤਾਲ ਲਿਜਾਣ ਲਈ ਗੱਡੀ ਦਾ ਪ੍ਰਬੰਧ ਕਰੋ।
6. ਹਸਪਤਾਲ ਨੂੰ ਅਗਾਊਂ ਫੋਨ ਕਰੋ ਤਾਂ ਕਿ ਉਹ ਪੀੜਤ ਵਿਅਕਤੀ ਦਾ ਇਲਾਜ ਕਰਨ ਲਈ ਤਿਆਰੀ ਕਰ ਸਕਣ।
7. ਜਿੰਨੀ ਛੇਤੀ ਸੰਭਵ ਹੋ ਸਕੇ ਹਸਪਤਾਲ ਪਹੁੰਚੋ।
8. ਜ਼ਖ਼ਮ 'ਤੇ ਚੀਰਾ ਨਾ ਲਾਓ ਤੇ ਖ਼ੂਨ ਦਾ ਵਹਾਅ ਰੋਕਣ ਲਈ ਕੱਸ ਕੇ ਕੋਈ ਪੱਟੀ ਨਾ ਬੰਨ੍ਹੋ, ਕਿਉਂ ਜੋ ਇਸ ਕਾਰਨ ਮੈਡੀਕਲ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।
9. ਜ਼ਹਿਰ ਨੂੰ ਮੂੰਹ ਰਾਹੀਂ ਖਿੱਚਣ ਦੀ ਕੋਈ ਕੋਸ਼ਿਸ਼ ਨਾ ਕਰੋ।

**ਯਾਦ ਰੱਖੋ, ਰੈਟਲਸਨੇਕ ਦੁਆਰਾ ਵੱਢੇ ਜਾਣ ਨਾਲ ਆਮ ਤੌਰ 'ਤੇ ਕਦੇ ਮੌਤ ਨਹੀਂ ਹੁੰਦੀ ਅਤੇ ਇਸਦੀ ਬਹੁਤ ਘੱਟ ਸੰਭਾਵਨਾ ਹੈ ਕਿ ਇਸ ਕਾਰਨ ਲੰਮੇ ਚਿਰ ਲਈ ਕੋਈ ਨੁਕਸਾਨ ਹੁੰਦਾ ਹੋਵੇ।**

## ਸੱਪ ਕਨੂੰਨ ਵੱਲੋਂ ਸੁਰੱਖਿਅਤ ਹਨ। ਕਿਸੇ ਸੱਪ ਨੂੰ ਤੰਗ ਕਰਨਾ ਜਾਂ ਮਾਰਨਾ ਸੂਬਾਈ ਅਤੇ ਸੰਘੀ ਕਨੂੰਨਾਂ ਅਧੀਨ ਇੱਕ ਜੁਰਮ ਹੈ।


ਸੱਪਾਂ ਬਾਰੇ ਹੁਸ਼ਿਆਰ ਬਣੋ ਪੋਸਟਰ ਤੇ ਵਰਕਸ਼ਾਪਾਂ ਇਨ੍ਹਾਂ ਦੁਆਰਾ ਪ੍ਰੋਡਿਊਸ ਕੀਤੀਆਂ ਗਈਆਂ:

TLC The Land Conservancy of British Columbia

South Okanagan-Similkameen Stewardship Program

British Columbia

Canada

ਤਸਵੀਰਾਂ ਇਨ੍ਹਾਂ ਦੀ ਬਦੌਲਤ:
ਉੱਤੇ: M.Bezener (ਖੱਬੇ); S.Klein (ਸੱਜੇ)
ਵਿਚਕਾਰ: M.Bezener (ਖੱਬੇ ਤੇ ਸੱਜੇ)
ਹੇਠਾਂ (ਸਿੱਧਾ ਗੇੜਾ): A.Valedka; M.Sarell J.Hobbs; J.Hobbs; J.Dulisse

# ਸੱਪ ਦੀ ਪਛਾਣ

## ਬੀ.ਸੀ. ਦੇ ਦੱਖਣੀ ਅੰਦਰਲੇ ਖੇਤਰ ਵਿਚ, ਸਿਰਫ ਨਾਰਦਰਨ ਪੈਸਿਫਿਕ ਰੈਟਲਸਨੇਕ ਹੀ ਜ਼ਹਿਰੀਲਾ ਹੈ।





ਨਾਰਥ ਪੈਸਿਫਿਕ ਰੈਟਲਸਨੇਕ

## ਦੱਖਣੀ ਅੰਦਰਲੇ ਹਿੱਸੇ ਵਿਚ ਪਾਏ ਜਾਣ ਵਾਲੇ ਹੋਰ ਸੱਪ

ਬਿਨਾ-ਜ਼ਹਿਰ ਵਾਲੇ ਗੋਫਰ ਸੱਪ ਨੂੰ ਆਮ ਤੌਰ 'ਤੇ ਰੈਟਲਸਨੇਕ ਸਮਝ ਲਿਆ ਜਾਂਦਾ ਹੈ।



ਤੰਗ ਸਿਰ, ਅਤੇ ਚਿਹਰੇ 'ਤੇ ਗੂੜ੍ਹੀ ਧਾਰੀ

ਪੂਛ ਤੋਂ ਖੜਖੜ ਦੀ ਆਵਾਜ਼ ਨਹੀਂ ਆਉਂਦੀ

ਮੋਟਾ, ਕੈਂਹ ਰੰਗਿਆ ਸਰੀਰ

ਗੋਫਰ ਸੱਪ



ਚੌੜਾ ਤਿਕੋਣੇ-ਆਕਾਰ ਦਾ ਸਿਰ

ਲਾਲ-ਭੂਰਾ ਜਾਂ ਸਲੇਟੀ ਸਰੀਰ ਅਤੇ ਗੂੜ੍ਹੇ ਰੰਗ ਦੇ ਚੱਕਰ ਜਿਨ੍ਹਾਂ ਦੇ ਦੁਆਲੇ "ਪ੍ਰਕਾਸ਼-ਕੁੰਡਲ" ਬਣੇ ਹੋਣ

ਰੈਟਲਸਨੇਕ



ਨਾਈਟ ਸਨੇਕ



ਰਬੜ ਬੋਆ



ਰੇਸਰ



ਕਾਮਨ ਗਾਰਟਰ



ਟੈਰੇਸਟ੍ਰੀਅਲ ਗਾਰਟਰ